**ਪੰਜਾਬ ਸਰਕਾਰ**
**ਆਬਕਾਰੀ ਤੇ ਕਰ ਵਿਭਾਗ**
**(ਆਬਕਾਰੀ ਤੇ ਕਰ-2 ਸ਼ਾਖਾ)**

ਮੀਮੋ ਨੰ: 02/40/2023 ਅਕ.2 (7)/ 3070

ਸੇਵਾ ਵਿਖੇ

ਸਕੱਤਰ,
ਪੰਜਾਬ ਵਿਧਾਨ ਸਭਾ ਸਕੱਤਰੇਤ,
(ਅਨੁਵਾਦ ਸ਼ਾਖਾ)

ਚੰਡੀਗੜ੍ਹ, ਮਿਤੀ: 28/2/24

ਵਿਸ਼ਾ:- ਪੰਜਾਬ ਜੀ.ਐਸ.ਟੀ. (ਸੋਧ) ਬਿਲ, 2023 ਨੂੰ ਪੰਜਾਬੀ ਤਰਜਮੇ ਵਿੱਚ ਭੇਜਣ ਸਬੰਧੀ।

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਤੇ ਆਪਣੇ ਪੱਤਰ ਨੰ. 17-ਪੀ.ਐਲ.ਏ.-2023/ਅਨੁਵਾਦ/3020 ਮਿਤੀ 22.02.2024 ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਪੰਜਾਬ ਜੀ.ਐਸ.ਟੀ. (ਸੋਧ) ਬਿਲ, 2023 (ਪੰਜਾਬੀ ਭਾਸ਼ਾ) ਦੀਆਂ 5 ਕਾਪੀਆਂ ਤਿਆਰ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜੀਆਂ ਜਾਂਦੀਆਂ ਹਨ।

ਵਿਸ਼ਵਾਸਪਾਤਰ,

ਅਧੀਨ ਸਕੱਤਰ, ਪੰਜਾਬ ਸਰਕਾਰ,
ਆਬਕਾਰੀ ਤੇ ਕਰ ਵਿਭਾਗ।

ਪਿੱਠ ਅੰ.ਨੰ. 02/40/2023 ਅਕ.2 (7)/ ਚੰਡੀਗੜ੍ਹ, ਮਿਤੀ

ਇਸ ਦਾ ਇੱਕ ਉਤਾਰਾ ਰਾਜ ਕਰ ਕਮਿਸ਼ਨਰ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪੰਜਾਬ ਸਰਕਾਰ,
ਆਬਕਾਰੀ ਤੇ ਕਰ ਵਿਭਾਗ।

# ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਸੋਧ) ਬਿੱਲ, 2023

## ਪੰਜਾਬ ਬਿਲ ਨੰ........, 2023

## ਇੱਕ ਬਿੱਲ

ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ ਐਕਟ, 2017 ਵਿਚ ਹੋਰ ਸੋਧ ਕਰਨ ਸਬੰਧੀ

ਭਾਰਤ ਗਣਰਾਜ ਦੇ 74ਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ:

**ਸੰਖੇਪ ਸਿਰਲੇਖ ਅਤੇ ਅਰੰਭ**

1. (1) ਇਸ ਐਕਟ ਨੂੰ ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਸੋਧ) ਐਕਟ, 2023 ਕਿਹਾ ਜਾਵੇਗਾ।

(2) ਬਸ਼ਰਤੇ ਕਿ ਹੋਰਵੇਂ ਉਪਬੰਧ ਨਾ ਕੀਤੇ ਗਏ ਹੋਣ, ਇਸ ਐਕਟ ਦੇ ਉਪਬੰਧ ਅਜਿਹੀ ਮਿਤੀ ਤੋਂ ਲਾਗੂ ਹੋਣਗੇ, ਜੋ ਪੰਜਾਬ ਸਰਕਾਰ ਵੱਲੋਂ ਅਧਿਸੂਚਨਾ ਦੁਆਰਾ ਸਰਕਾਰੀ ਗਜ਼ਟ ਵਿੱਚ ਨਿਰਧਾਰਤ ਕੀਤੀ ਜਾਵੇਗੀ:

ਬਸ਼ਰਤੇ ਕਿ ਇਸ ਐਕਟ ਦੇ ਵੱਖ-ਵੱਖ ਉਪਬੰਧਾਂ ਲਈ ਵੱਖ-ਵੱਖ ਮਿਤੀਆਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਐਕਟ ਦੇ ਅਰੰਭ ਹੋਣ ਦੇ ਕਿਸੇ ਵੀ ਅਜਿਹੇ ਉਪਬੰਧ ਦੇ ਸਬੰਧ ਵਿੱਚ ਕਿਸੇ ਵੀ ਹਵਾਲੇ ਨੂੰ ਉਸ ਉਪਬੰਧ ਦੇ ਲਾਗੂ ਹੋਣ ਦੇ ਹਵਾਲੇ ਵਜੋਂ ਸਮਝਿਆ ਜਾਵੇਗਾ।

**2017 ਦੇ ਪੰਜਾਬ ਐਕਟ 5 ਦੀ ਧਾਰਾ 2 ਵਿਚ ਸੋਧ।**

2. ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ ਐਕਟ, 2017 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ), ਦੀ ਧਾਰਾ 2 ਵਿੱਚ, -

(a) ਕਲਾਜ਼ (80) ਤੋਂ ਬਾਅਦ, ਹੇਠ ਲਿਖੇ ਕਲਾਜ਼ ਸ਼ਾਮਲ ਕੀਤੇ ਜਾਣਗੇ, ਅਰਥਾਤ: —

" *(80ਏ)* "ਔਨਲਾਈਨ ਗੇਮਿੰਗ" ਦਾ ਮਤਲਬ ਹੈ ਇੰਟਰਨੈਟ ਜਾਂ ਇਲੈਕਟ੍ਰਾਨਿਕ ਨੈਟਵਰਕ ਤੇ ਇੱਕ ਗੇਮ ਦੀ ਪੇਸ਼ਕਸ਼ ਕਰਨਾ ਅਤੇ ਇਸ ਵਿੱਚ ਔਨਲਾਈਨ ਮਨੀ ਗੇਮਿੰਗ ਸ਼ਾਮਲ ਹੈ;

*(80ਬੀ)* "ਔਨਲਾਈਨ ਮਨੀ ਗੇਮਿੰਗ" ਦਾ ਮਤਲਬ ਹੈ ਔਨਲਾਈਨ ਗੇਮਿੰਗ ਜਿਸ ਵਿੱਚ ਖਿਡਾਰੀ ਕਿਸੇ ਵੀ ਵਾਕਿਆ ਵਿੱਚ ਪੈਸੇ ਜਾਂ ਪੈਸੇ ਦੀ ਕੀਮਤ ਸਮੇਤ ਵਰਚੁਅਲ ਡਿਜੀਟਲ ਸੰਪਤੀਆਂ ਦਾ ਭੁਗਤਾਨ ਕਰਦੇ ਹਨ ਜਾਂ ਜਮ੍ਹਾਂ ਕਰਦੇ ਹਨ ਅਤੇ ਪੈਸੇ ਜਾਂ ਪੈਸੇ ਦੀ ਕੀਮਤ ਜਾਂ ਵਰਚੁਅਲ ਡਿਜੀਟਲ ਸੰਪਤੀ ਜਿੱਤਣ ਦੀ ਉਮੀਦ ਵਿੱਚ, ਗੇਮ, ਸਕੀਮ, ਮੁਕਾਬਲੇ ਜਾਂ ਕਿਸੇ ਹੋਰ ਗਤੀਵਿਧੀ ਜਾਂ ਪ੍ਰਕਿਰਿਆ ਭਾਵੇਂ ਇਸਦਾ ਨਤੀਜਾ ਜਾਂ ਪ੍ਰਦਰਸ਼ਨ ਹੁਨਰ ਜਾਂ ਮੌਕਾ ਜਾਂ ਦੋਵਾਂ 'ਤੇ ਅਧਾਰਤ ਹੈ ਜਾਂ ਨਹੀਂ ਅਤੇ ਕੀ ਇਹ ਵਰਤਮਾਨ ਸਮੇਂ ਲਈ ਲਾਗੂ ਕਿਸੇ ਹੋਰ ਕਾਨੂੰਨ ਦੇ ਅਧੀਨ ਮਨਜ਼ੂਰ ਹੈ ਜਾਂ ਨਹੀਂ; " ;

(b) ਕਲਾਜ਼ (102) ਤੋਂ ਬਾਅਦ, ਹੇਠ ਦਿੱਤੀ ਕਲਾਜ਼ ਪਾਈ ਜਾਵੇਗੀ, ਅਰਥਾਤ: —

"*(102ਏ)* "ਸਪੈਸੀਫਾਈਡ ਐਕਸ਼ਨੇਬਲ ਕਲੇਮ" ਦਾ ਅਰਥ ਹੈ ਐਕਸ਼ਨੇਬਲ ਕਲੇਮ ਜੋ ਨਿਮਨ ਵਿੱਚ ਜਾਂ ਦੁਆਰਾ ਸ਼ਾਮਲ ਹੋਵੇ,—

(i) ਸੱਟੇਬਾਜ਼ੀ;

(ii) ਕੈਸੀਨੋ;

(iii) ਜੂਆ;

(iv) ਘੋੜ ਦੌੜ;

(v) ਲਾਟਰੀ; ਜਾਂ

(vi) ਔਨਲਾਈਨ ਮਨੀ ਗੇਮਿੰਗ;";

(c) ਕਲਾਜ਼ (105) ਦੇ ਅੰਤ ਵਿਚ, ਨਿਮਨ ਅਨੁਸਾਰ ਉਪਬੰਧ ਸ਼ਾਮਲ ਕੀਤਾ ਜਾਵੇਗਾ, ਅਰਥਾਤ: —

"ਬਸ਼ਰਤੇ ਕਿ ਕੋਈ ਵਿਅਕਤੀ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ, ਸਪੈਸੀਫਾਈਡ ਐਕਸ਼ਨੇਬਲ ਕਲੇਮਜ਼ ਦੀ ਸਪਲਾਈ ਦਾ ਆਯੋਜਨ ਜਾਂ ਪ੍ਰਬੰਧ ਕਰਦਾ ਹੈ, ਜਿਸ ਵਿੱਚ ਅਜਿਹੀ ਸਪਲਾਈ ਲਈ ਡਿਜੀਟਲ ਜਾਂ ਇਲੈਕਟ੍ਰਾਨਿਕ ਪਲੇਟਫਾਰਮ ਦੀ ਮਲਕੀਅਤ, ਸੰਚਾਲਨ ਜਾਂ ਪ੍ਰਬੰਧਨ ਕਰਨ ਵਾਲਾ ਵਿਅਕਤੀ ਵੀ ਸ਼ਾਮਲ ਹੈ, ਨੂੰ ਅਜਿਹੇ ਐਕਸ਼ਨੇਬਲ ਕਲੇਮਜ਼ ਦਾ ਸਪਲਾਇਰ ਮੰਨਿਆ ਜਾਵੇਗਾ, ਭਾਵੇਂ ਕਿ ਐਕਸ਼ਨੇਬਲ ਕਲੇਮਜ਼ ਦੀ ਪੂਰਤੀ ਉਸ ਦੁਆਰਾ ਜਾਂ ਉਸ ਰਾਹੀਂ ਕੀਤੀ ਜਾਂਦੀ ਹੈ ਅਤੇ ਕੀ ਅਜਿਹੇ ਐਕਸ਼ਨੇਬਲ ਕਲੇਮਜ਼ ਦੀ ਸਪਲਾਈ ਲਈ ਪੈਸੇ ਜਾਂ ਪੈਸੇ ਦੀ ਕੀਮਤ, ਵਰਚੁਅਲ ਡਿਜੀਟਲ ਸੰਪਤੀਆਂ ਸਮੇਤ, ਉਸ ਨੂੰ ਜਾਂ ਉਸ ਰਾਹੀਂ ਅਦਾ ਕੀਤੇ ਜਾਂਦੇ ਜਾਂ ਪਹੁੰਚਾਏ ਜਾਂਦੇ ਹਨ ਜਾਂ ਕਿਸੇ ਵੀ ਤਰੀਕੇ ਨਾਲ ਉਸ ਦੇ ਨਿਪਟਾਰੇ ਲਈ ਰੱਖੇ ਜਾਂਦੇ ਹਨ, ਅਤੇ ਇਸ ਐਕਟ ਦੇ ਸਾਰੇ ਉਪਬੰਧ ਨਿਰਧਾਰਤ ਐਕਸ਼ਨੇਬਲ ਕਲੇਮਜ਼ ਦੇ ਅਜਿਹੇ ਸਪਲਾਇਰ 'ਤੇ ਲਾਗੂ ਹੋਣਗੇ, ਜਿਵੇਂ ਕਿ ਉਹ ਅਜਿਹੇ ਐਕਸ਼ਨੇਬਲ ਕਲੇਮਜ਼ ਦੀ ਸਪਲਾਈ ਦੇ ਸਬੰਧ ਵਿੱਚ ਟੈਕਸ ਦਾ ਭੁਗਤਾਨ ਕਰਨ ਲਈ ਦੇਣਦਾਰ ਸਪਲਾਇਰ ਹੈ;"; ਅਤੇ

(*d*) ਕਲਾਜ਼ (117) ਤੋਂ ਬਾਅਦ, ਨਿਮਨ ਕਲਾਜ਼ ਸ਼ਾਮਲ ਕੀਤਾ ਜਾਵੇਗਾ, ਅਰਥਾਤ: —

"(*117ੲ*) "ਵਰਚੁਅਲ ਡਿਜੀਟਲ ਸੰਪੱਤੀ" ਦਾ ਉਹੀ ਅਰਥ ਹੋਵੇਗਾ ਜੋ ਇਨਕਮ-ਟੈਕਸ ਐਕਟ, 1961 ਦੀ ਧਾਰਾ 2 ਦੇ ਕਲਾਜ਼ (47ੲ) ਵਿੱਚ ਨਿਰਧਾਰਤ ਕੀਤਾ ਗਿਆ ਹੈ ;"।

**2017 ਦੇ ਪੰਜਾਬ ਐਕਟ 5 ਦੀ ਧਾਰਾ 10 ਵਿਚ ਸੋਧ**

3. ਪ੍ਰਿੰਸੀਪਲ ਐਕਟ ਦੀ ਧਾਰਾ 10 ਵਿਚ,—

(a) ਉਪ-ਧਾਰਾ (1) ਵਿਚ, ਦੂਜੇ ਉਪਬੰਧ ਦੇ ਬਾਅਦ, ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਸੋਧ) ਐਕਟ (2020 ਦੇ ਪੰਜਾਬ ਐਕਟ ਨੰ. 3) ਦੁਆਰਾ ਪਾਈ ਗਈ ਸਪੱਸ਼ਟੀਕਰਨ ਸ਼ਾਮਲ ਕੀਤੀ ਜਾਵੇਗੀ ਅਤੇ 1 ਫਰਵਰੀ, 2019 ਤੋਂ ਲਾਗੂ ਕੀਤੀ ਗਈ ਸਮਝੀ ਜਾਵੇਗੀ;

(b) ਉਪ-ਧਾਰਾ (2), ਦੀ ਕਲਾੱਜ਼ (d) ਵਿੱਚ, "ਵਸਤਾਂ ਜਾਂ" ਸ਼ਬਦਾਂ ਨੂੰ ਹਟਾ ਦਿੱਤਾ ਜਾਵੇਗਾ; ਅਤੇ

(c) ਉਪ-ਧਾਰਾ (2ੲ), ਦੀ ਕਲਾੱਜ਼ (c) ਵਿੱਚ, "ਵਸਤਾਂ ਜਾਂ" ਸ਼ਬਦਾਂ ਨੂੰ ਹਟਾ ਦਿੱਤਾ ਜਾਵੇਗਾ।

**2017 ਦੇ ਪੰਜਾਬ ਐਕਟ 5 ਦੀ ਧਾਰਾ 16 ਵਿਚ ਸੋਧ**

4. ਪ੍ਰਿੰਸੀਪਲ ਐਕਟ ਦੀ ਧਾਰਾ 16, ਉਪ-ਧਾਰਾ (2) ਵਿਚ,—

(i) ਦੂਜੇ ਉਪਬੰਧ ਵਿੱਚ, "ਉਸਦੀ ਆਉਟਪੁੱਟ ਟੈਕਸ ਦੇਣਦਾਰੀ ਵਿੱਚ, ਉਸ ਉੱਤੇ ਸ਼ਾਮਲ ਕੀਤੇ ਗਏ ਵਿਆਜ ਸਮੇਤ" ਸ਼ਬਦਾਂ ਦੀ ਥਾਂ, " ਧਾਰਾ 50 ਦੇ ਅਧੀਨ ਉਸ ਦੁਆਰਾ ਅਦਾ ਕੀਤੇ ਗਏ ਭੁਗਤਾਨ ਯੋਗ ਵਿਆਜ ਦੇ ਨਾਲ" ਸ਼ਬਦ ਅਤੇ ਅੰਕੜੇ ਵਰਤੇ ਜਾਣਗੇ; ਅਤੇ

(ii) ਤੀਜੇ ਉਪਬੰਧ ਵਿੱਚ, "ਉਸ ਦੁਆਰਾ ਕੀਤਾ ਗਿਆ" ਸ਼ਬਦਾਂ ਤੋਂ ਬਾਅਦ, "ਸਪਲਾਇਰ ਨੂੰ"

ਸ਼ਬਦ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 17 ਵਿਚ ਸੋਧ

5. ਪ੍ਰਿੰਸੀਪਲ ਐਕਟ ਦੀ ਧਾਰਾ 17 ਵਿਚ,—

(a) ਉਪ-ਧਾਰਾ (3) ਵਿੱਚ, ਸਪੱਸ਼ਟੀਕਰਨ ਵਿੱਚ, ਸ਼ਬਦਾਂ ਅਤੇ ਅੰਕੜਿਆਂ "ਉਕਤ ਸ਼ੈਡਿਊਲ ਦੇ ਪੈਰਾ 5 ਵਿੱਚ ਦਰਸਾਏ ਗਏ ਸ਼ਬਦਾਂ ਨੂੰ ਛੱਡ ਕੇ", ਦੀ ਥਾਂ ਤੇ ਹੇਠਾਂ ਦਿੱਤੇ ਸ਼ਬਦ ਵਰਤੇ ਜਾਣਗੇ, ਅਰਥਾਤ: -

"ਇਸ ਤੋਂ ਇਲਾਵਾ, —

(i) ਉਕਤ ਸ਼ੈਡਿਊਲ ਦੇ ਪੈਰਾ 5 ਵਿੱਚ ਨਿਰਧਾਰਤ ਗਤੀਵਿਧੀਆਂ ਜਾਂ ਲੈਣ-ਦੇਣ ਦਾ ਮੁੱਲ; ਅਤੇ

(ii) ਉਕਤ ਸ਼ੈਡਿਊਲ ਦੇ ਪੈਰਾ 8 ਦੀ ਧਾਰਾ (ਏ) ਦੇ ਸਬੰਧ ਵਿੱਚ ਨਿਰਧਾਰਤ ਅਜਿਹੀਆਂ ਗਤੀਵਿਧੀਆਂ ਜਾਂ ਲੈਣ-ਦੇਣ ਦਾ ਮੁੱਲ।"; ਅਤੇ

(b) ਉਪ-ਧਾਰਾ (5) ਵਿੱਚ, ਕਲਾੱਜ਼ (f) ਤੋਂ ਬਾਅਦ, ਹੇਠ ਦਿੱਤੀ ਕਲਾੱਜ਼ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

"(fa) ਕਿਸੇ ਟੈਕਸਯੋਗ ਵਿਅਕਤੀ ਦੁਆਰਾ ਪ੍ਰਾਪਤ ਕੀਤੀਆਂ ਵਸਤਾਂ ਜਾਂ ਸੇਵਾਵਾਂ ਜਾਂ ਦੋਵੇਂ, ਜੋ ਕੰਪਨੀ ਐਕਟ, 2013 ਦੀ ਧਾਰਾ 135 ਵਿੱਚ ਦਰਸਾਈ ਗਈ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦੇ ਅਧੀਨ ਉਸ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਤ ਗਤੀਵਿਧੀਆਂ ਲਈ ਵਰਤੀਆਂ ਜਾਣ ਜਾਂ ਵਰਤੀਆਂ ਜਾਣ ਦਾ ਮੰਤਵ ਰੱਖਦੀਆਂ ਹੋਣ;"।

2017 ਦੇ ਪੰਜਾਬ ਐਕਟ 5 ਦੀ ਧਾਰਾ 23 ਵਿਚ ਸੋਧ

6. ਪ੍ਰਿੰਸੀਪਲ ਐਕਟ ਵਿੱਚ, ਧਾਰਾ 23 ਵਿੱਚ, ਉਪ-ਧਾਰਾ (2) ਲਈ, ਹੇਠ ਦਿੱਤੀ ਉਪ-ਧਾਰਾ ਨੂੰ ਬਦਲਿਆ ਜਾਵੇਗਾ ਅਤੇ ਇਸ ਨੂੰ 1 ਜੁਲਾਈ, 2017 ਤੋਂ ਬਦਲਿਆ ਗਿਆ ਮੰਨਿਆ ਜਾਵੇਗਾ, ਅਰਥਾਤ:-

"(2) ਧਾਰਾ 22 ਦੀ ਉਪ-ਧਾਰਾ (1) ਜਾਂ ਧਾਰਾ 24 ਵਿੱਚ ਸ਼ਾਮਲ ਕਿਸੇ ਵੀ ਗੱਲ ਦੇ ਉਲਟ ਹੋਣ ਦੇ ਬਾਵਜੂਦ, ਸਰਕਾਰ, ਕਾਉਂਸਿਲ ਦੀਆਂ ਸਿਫ਼ਾਰਸ਼ਾਂ 'ਤੇ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜੋ ਇਸ ਵਿੱਚ ਨਿਰਧਾਰਤ ਕੀਤੀਆਂ ਗਈਆਂ ਹੋਣ, ਉਨ੍ਹਾਂ ਵਿਅਕਤੀਆਂ ਦੀ ਸ਼੍ਰੇਣੀ ਨਿਰਧਾਰਤ ਕਰ ਸਕਦੀ ਹੈ, ਜਿਨ੍ਹਾਂ ਨੂੰ ਇਸ ਐਕਟ ਅਧੀਨ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ ।"।

2017 ਦੇ ਪੰਜਾਬ ਐਕਟ 5 ਦੀ ਧਾਰਾ 24 ਵਿਚ ਸੋਧ

7. ਪ੍ਰਿੰਸੀਪਲ ਐਕਟ ਦੀ ਧਾਰਾ 24 ਵਿਚ,—

(a) ਕਲਾਜ਼ (*xi*) ਵਿਚ, ਅੰਤ ਵਿਚ ਆਉਂਦਾ ਸ਼ਬਦ "ਅਤੇ" ਨੂੰ ਹਟਾ ਦਿੱਤਾ ਜਾਵੇਗਾ; ਅਤੇ

(b) ਕਲਾਜ਼ (*xi*) ਤੋਂ ਬਾਅਦ, ਨਿਮਨ ਕਲਾਜ਼ ਸ਼ਾਮਲ ਕੀਤਾ ਜਾਵੇਗਾ, ਅਰਥਾਤ: —

"(*xia*) ਹਰ ਵਿਅਕਤੀ ਜੋ ਭਾਰਤ ਤੋਂ ਬਾਹਰ ਕਿਸੇ ਥਾਂ ਤੋਂ ਭਾਰਤ ਵਿੱਚ ਕਿਸੇ ਵਿਅਕਤੀ ਨੂੰ ਆਨਲਾਈਨ ਮਨੀ ਗੇਮਿੰਗ ਦੀ ਸਪਲਾਈ ਕਰਦਾ ਹੈ; ਅਤੇ"।

2017 ਦੇ ਪੰਜਾਬ ਐਕਟ 5 ਦੀ ਧਾਰਾ 30 ਵਿਚ ਸੋਧ

8. ਪ੍ਰਿੰਸੀਪਲ ਐਕਟ ਦੀ ਧਾਰਾ 30, ਉਪ-ਧਾਰਾ (1) ਵਿਚ,—

(a) "ਰੱਦ ਕਰਨ ਦੇ ਹੁਕਮ ਦੀ ਸੇਵਾ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਨਿਰਧਾਰਤ ਢੰਗ ਨਾਲ :", ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ ਤੇ "ਅਜਿਹੇ ਢੰਗ ਨਾਲ, ਅਜਿਹੇ ਸਮੇਂ ਦੇ ਅੰਦਰ ਅਤੇ ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜਿਵੇਂ ਕਿ ਨਿਰਧਾਰਤ ਕੀਤੀਆਂ ਗਈਆਂ ਹੋਣ।" ਸ਼ਬਦ ਅਤੇ ਚਿੰਨ੍ਹ ਵਰਤੇ ਜਾਣਗੇ; ਅਤੇ

(b) ਉਪਬੰਧ ਹਟਾਇਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 37 ਵਿਚ ਸੋਧ

9. ਪ੍ਰਿੰਸੀਪਲ ਐਕਟ ਦੀ ਧਾਰਾ 37 ਦੀ ਉਪ-ਧਾਰਾ (4) ਤੋਂ ਬਾਅਦ ਹੇਠ ਦਰਜ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:—

"(5) ਇੱਕ ਰਜਿਸਟਰਡ ਵਿਅਕਤੀ ਨੂੰ ਉਪ-ਧਾਰਾ (1) ਦੇ ਤਹਿਤ ਉਪਰੋਕਤ ਵੇਰਵਿਆਂ ਨੂੰ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਟੈਕਸ ਪੀਰੀਅਡ ਲਈ ਬਾਹਰੀ ਸਪਲਾਈ ਦੇ ਵੇਰਵੇ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ:

ਬਸ਼ਰਤੇ ਕਿ ਸਰਕਾਰ, ਉਪਰੋਕਤ ਵੇਰਵਿਆਂ ਨੂੰ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਉਕਤ ਮਿਆਦ ਦੀ ਸਮਾਪਤੀ ਤੋਂ ਬਾਅਦ ਵੀ ਕਾਊਂਸਿਲ ਦੀਆਂ ਸਿਫ਼ਾਰਸ਼ਾਂ 'ਤੇ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜੋ ਇਸ ਵਿੱਚ ਦਰਸਾਈਆਂ ਗਈਆਂ ਹੋਣ, ਇੱਕ ਰਜਿਸਟਰਡ ਵਿਅਕਤੀ ਜਾਂ ਰਜਿਸਟਰਡ ਵਿਅਕਤੀਆਂ ਦੀ ਇੱਕ ਸ਼੍ਰੇਣੀ ਨੂੰ ਟੈਕਸ ਪੀਰੀਅਡ ਲਈ ਉਪ-ਧਾਰਾ (1) ਅਧੀਨ, ਬਾਹਰੀ ਸਪਲਾਈ ਦੇ ਵੇਰਵੇ ਪੇਸ਼ ਕਰਨ ਦੀ ਇਜਾਜ਼ਤ ਦੇ ਸਕਦੀ ਹੈ ।"।

2017 ਦੇ ਪੰਜਾਬ ਐਕਟ 5 ਦੀ ਧਾਰਾ 39 ਵਿਚ ਸੋਧ

10. ਪ੍ਰਿੰਸੀਪਲ ਐਕਟ ਦੀ ਧਾਰਾ 39 ਦੀ ਉਪ-ਧਾਰਾ (10) ਤੋਂ ਬਾਅਦ ਹੇਠ ਦਰਜ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: —

"(11) ਇੱਕ ਰਜਿਸਟਰਡ ਵਿਅਕਤੀ ਨੂੰ ਉਕਤ ਰਿਟਰਨ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਟੈਕਸ ਪੀਰੀਅਡ ਲਈ ਰਿਟਰਨ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ:

ਬਸ਼ਰਤੇ ਕਿ ਸਰਕਾਰ, ਉਪਰੋਕਤ ਰਿਟਰਨ ਨੂੰ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਉਕਤ ਮਿਆਦ ਦੀ ਸਮਾਪਤੀ ਤੋਂ ਬਾਅਦ ਵੀ ਕਾਊਂਸਿਲ ਦੀਆਂ ਸਿਫ਼ਾਰਸ਼ਾਂ 'ਤੇ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜੋ ਇਸ ਵਿੱਚ ਦਰਸਾਈਆਂ ਗਈਆਂ ਹੋਣ, ਇੱਕ ਰਜਿਸਟਰਡ ਵਿਅਕਤੀ ਜਾਂ ਰਜਿਸਟਰਡ ਵਿਅਕਤੀਆਂ ਦੀ ਇੱਕ ਸ਼੍ਰੇਣੀ ਨੂੰ ਟੈਕਸ ਪੀਰੀਅਡ ਲਈ ਰਿਟਰਨ ਜਮ੍ਹਾਂ ਕਰਨ ਦੀ ਇਜਾਜ਼ਤ ਦੇ ਸਕਦੀ ਹੈ । "।

2017 ਦੇ ਪੰਜਾਬ ਐਕਟ 5 ਦੀ ਧਾਰਾ 44 ਵਿਚ ਸੋਧ

11. ਪ੍ਰਿੰਸੀਪਲ ਐਕਟ ਵਿੱਚ, ਧਾਰਾ 44 ਨੂੰ ਇਸ ਦੀ ਉਪ-ਧਾਰਾ (1) ਦੇ ਰੂਪ ਵਿੱਚ ਮੁੜ-ਨੰਬਰ ਕੀਤਾ ਜਾਵੇਗਾ, ਅਤੇ ਦੁਬਾਰਾ ਦਿੱਤੇ ਨੰਬਰ ਅਨੁਸਾਰ ਉਪ-ਧਾਰਾ (1) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(2) ਇੱਕ ਰਜਿਸਟਰਡ ਵਿਅਕਤੀ ਨੂੰ ਉਪ-ਧਾਰਾ (1) ਦੇ ਤਹਿਤ ਉਪਰੋਕਤ ਸਾਲਾਨਾ ਰਿਟਰਨ ਪੇਸ਼ ਕਰਨ ਦੀ ਨਿਰਧਾਤ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਵਿੱਤੀ ਵਰ੍ਹੇ ਦੀ ਸਾਲਾਨਾ ਰਿਟਰਨ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ:

ਬਸ਼ਰਤੇ ਕਿ ਸਰਕਾਰ, ਉਪਰੋਕਤ ਸਾਲਾਨਾ ਰਿਟਰਨ ਨੂੰ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਉਕਤ ਮਿਆਦ ਦੀ ਸਮਾਪਤੀ ਤੋਂ ਬਾਅਦ ਵੀ ਕਾਊਂਸਿਲ ਦੀਆਂ ਸਿਫ਼ਾਰਸ਼ਾਂ 'ਤੇ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜੋ ਇਸ ਵਿੱਚ ਦਰਸਾਈਆਂ ਗਈਆਂ ਹੋਣ, ਇੱਕ ਰਜਿਸਟਰਡ ਵਿਅਕਤੀ ਜਾਂ ਰਜਿਸਟਰਡ ਵਿਅਕਤੀਆਂ ਦੀ ਇੱਕ ਸ਼੍ਰੇਣੀ ਨੂੰ ਉਪ-ਧਾਰਾ (1) ਦੇ ਤਹਿਤ ਇੱਕ ਵਿੱਤੀ ਸਾਲ ਲਈ ਸਾਲਾਨਾ ਰਿਟਰਨ ਜਮ੍ਹਾਂ ਕਰਨ ਦੀ ਇਜਾਜ਼ਤ ਦੇ ਸਕਦੀ ਹੈ । "।

2017 ਦੇ ਪੰਜਾਬ ਐਕਟ 5 ਦੀ ਧਾਰਾ 52 ਵਿਚ ਸੋਧ

12. ਪ੍ਰਿੰਸੀਪਲ ਐਕਟ ਵਿੱਚ, ਧਾਰਾ 52, ਵਿੱਚ,

(a) ਉਪ-ਧਾਰਾ (14) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

"(15) ਓਪਰੇਟਰ ਨੂੰ ਉਪ-ਧਾਰਾ (4) ਦੇ ਅਧੀਨ ਵੇਰਵੇ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੇਰਵੇ ਪੇਸ਼ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ:

ਬਸ਼ਰਤੇ ਕਿ ਸਰਕਾਰ, ਉਪਰੋਕਤ ਵੇਰਵੇ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਤਿੰਨ ਸਾਲਾਂ ਦੀ ਉਕਤ ਮਿਆਦ ਦੀ ਸਮਾਪਤੀ ਤੋਂ ਬਾਅਦ ਵੀ ਕਾਉਂਸਿਲ ਦੀਆਂ ਸਿਫ਼ਾਰਸ਼ਾਂ 'ਤੇ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ, ਜੋ ਇਸ ਵਿੱਚ ਦਰਸਾਈਆਂ ਗਈਆਂ ਹੋਣ, ਇੱਕ ਓਪਰੇਟਰ ਨੂੰ ਜਾਂ ਓਪਰੇਟਰਾਂ ਦੀ ਇੱਕ ਸ਼੍ਰੇਣੀ ਨੂੰ ਉਪ-ਧਾਰਾ (4) ਦੇ ਤਹਿਤ ਇੱਕ ਵਿੱਤੀ ਸਾਲ ਲਈ ਵੇਰਵੇ ਪੇਸ਼ ਦੀ ਇਜਾਜ਼ਤ ਦੇ ਸਕਦੀ ਹੈ ।"।

2017 ਦੇ ਪੰਜਾਬ ਐਕਟ 5 ਦੀ ਧਾਰਾ 54 ਵਿਚ ਸੋਧ

13. ਪ੍ਰਿੰਸੀਪਲ ਐਕਟ ਵਿੱਚ, ਧਾਰਾ 54 ਦੀ ਉਪ-ਧਾਰਾ (6) ਵਿੱਚ, "ਅਸਥਾਈ ਤੌਰ 'ਤੇ ਸਵੀਕਾਰ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਦੀ ਰਕਮ ਨੂੰ ਛੱਡ ਕੇ" ਸ਼ਬਦਾਂ ਅਤੇ ਚਿੰਨ੍ਹਾਂ ਨੂੰ ਹਟਾ ਦਿੱਤਾ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 56 ਵਿਚ ਸੋਧ

14. ਪ੍ਰਿੰਸੀਪਲ ਐਕਟ ਵਿੱਚ, ਧਾਰਾ 56 ਵਿਚ, "ਉਕਤ ਉਪ-ਧਾਰਾ ਦੇ ਅਧੀਨ ਬਿਨੈ-ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਅਜਿਹੇ ਟੈਕਸ ਦੇ ਰਿਫੰਡ ਦੀ ਮਿਤੀ ਤੱਕ ਸੱਠ ਦਿਨਾਂ ਦੀ ਮਿਆਦ ਖਤਮ ਹੋਣ ਤੋਂ ਤੁਰੰਤ ਬਾਅਦ ਦੀ ਮਿਤੀ ਤੋਂ" ਸ਼ਬਦਾਂ ਦੀ ਥਾਂ ਤੇ "ਅਜਿਹਾ ਬਿਨੈ-ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਅਜਿਹੇ ਟੈਕਸ ਦੇ ਰਿਫੰਡ ਦੀ ਮਿਤੀ ਤੱਕ ਸੱਠ ਦਿਨਾਂ ਤੋਂ ਵੱਧ ਦੇਰੀ ਦੀ ਮਿਆਦ ਲਈ ਗਣਨਾ, ਅਜਿਹੇ ਢੰਗ ਨਾਲ ਅਤੇ ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ ਕੀਤੀ ਜਾਵੇਗੀ, ਜਿਵੇਂ ਕਿ ਨਿਰਧਾਰਤ ਕੀਤੀਆਂ ਗਈਆਂ ਹੋਣ" ਸ਼ਬਦ ਵਰਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 62 ਵਿਚ ਸੋਧ

15. ਪ੍ਰਿੰਸੀਪਲ ਐਕਟ ਦੀ ਧਾਰਾ 62, ਉਪ-ਧਾਰਾ (2) ਵਿਚ,—

(a) ਸ਼ਬਦ "ਤੀਹ ਦਿਨ" ਦੀ ਥਾਂ, ਸ਼ਬਦ "ਸੱਠ ਦਿਨ" ਵਰਤੇ ਜਾਣਗੇ; ਅਤੇ

(b) ਹੇਠ ਦਿੱਤਾ ਉਪਬੰਧ ਸ਼ਾਮਲ ਕੀਤਾ ਜਾਵੇਗਾ, ਅਰਥਾਤ: -

"ਬਸ਼ਰਤੇ ਕਿ ਜੇਕਰ ਰਜਿਸਟਰਡ ਵਿਅਕਤੀ ਉਪ-ਧਾਰਾ (1) ਦੇ ਅਧੀਨ ਅਸੈਸਮੈਂਟ ਆਰਡਰ ਮਿਲਣ ਦੇ ਸੱਠ ਦਿਨਾਂ ਦੇ ਅੰਦਰ ਇੱਕ ਵੈਧ ਰਿਟਰਨ ਜਮ੍ਹਾ ਕਰਵਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਉਹ ਉਕਤ ਅਸੈਸਮੈਂਟ ਆਰਡਰ ਮਿਲਣ ਦੇ ਸੱਠ ਦਿਨਾਂ ਤੋਂ ਵੱਧ ਦੇਰੀ ਵਾਲੇ ਹਰੇਕ ਦਿਨ ਲਈ ਇੱਕ ਸੌ ਰੁਪਏ ਦੀ ਵਾਧੂ ਲੇਟ ਫੀਸ ਦੇ ਭੁਗਤਾਨ 'ਤੇ ਸੱਠ ਦਿਨਾਂ ਦੀ ਹੋਰ ਮਿਆਦ ਦੇ ਅੰਦਰ ਇਸ ਨੂੰ ਜਮ੍ਹਾ ਕਰਵਾ ਸਕਦਾ ਹੈ ਅਤੇ ਜੇਕਰ ਉਹ ਅਜਿਹੀ ਵਧਾਈ ਗਈ ਮਿਆਦ ਦੇ ਅੰਦਰ ਵੈਧ ਰਿਟਰਨ ਜਮ੍ਹਾ ਕਰਵਾਉਂਦਾ ਹੈ, ਤਾਂ ਉਕਤ ਅਸੈਸਮੈਂਟ ਆਰਡਰ ਨੂੰ ਵਾਪਸ ਲੈ ਲਿਆ ਗਿਆ ਮੰਨਿਆ ਜਾਵੇਗਾ, ਪਰ ਧਾਰਾ 50 ਦੀ ਉਪ-ਧਾਰਾ (1) ਅਧੀਨ ਵਿਆਜ ਅਦਾ ਕਰਨ ਜਾਂ ਧਾਰਾ 47 ਅਧੀਨ ਲੇਟ ਫੀਸ ਅਦਾ ਕਰਨ ਦੀ ਦੇਣਦਾਰੀ ਜਾਰੀ ਰਹੇਗੀ ।"।

2017 ਦੇ ਪੰਜਾਬ ਐਕਟ 5 ਦੀ ਧਾਰਾ 109 ਦਾ ਬਦਲ।

16. ਪ੍ਰਿੰਸੀਪਲ ਐਕਟ ਦੀ ਧਾਰਾ 109 ਵਿਚ,—

(a) ਮੌਜੂਦਾ ਸਿਰਲੇਖ ਦੀ ਥਾਂ ਤੇ ਹੇਠ ਲਿਖਿਆ ਸਿਰਲੇਖ ਬਦਲਿਆ ਜਾਵੇਗਾ, ਅਰਥਾਤ:-

" ਅਪੀਲੀ ਟ੍ਰਿਬਿਊਨਲ ਅਤੇ ਇਸਦੇ ਬੈਂਚਾਂ ਦਾ ਗਠਨ।" ; ਅਤੇ

(b) ਉਪ-ਧਾਰਾ (2) ਵਿੱਚ, "ਰਾਜ ਵਿੱਚ ਸਥਿਤ ਬੈਂਚ ਅਤੇ ਖੇਤਰੀ ਬੈਂਚਾਂ", ਸ਼ਬਦਾਂ ਨੂੰ "ਰਾਜ ਬੈਂਚਾਂ" ਸ਼ਬਦਾਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ

17. ਪ੍ਰਿੰਸੀਪਲ ਐਕਟ ਦੀ ਧਾਰਾ 110 ਵਿਚ, "ਰਾਜ ਬੈਂਚ ਅਤੇ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਰਾਜ ਬੈਂਚਾਂ"

5 ਦੀ ਧਾਰਾ 110 ਵਿਚ ਸੋਧ

ਸ਼ਬਦਾਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 114 ਦੀ ਥਾਂ ਨਵੀਂ ਧਾਰਾ

18. ਪ੍ਰਿੰਸੀਪਲ ਐਕਟ ਵਿੱਚ, ਧਾਰਾ 114 ਨੂੰ, ਹੇਠ ਦਿੱਤੀ ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"114. ਉਪ ਪ੍ਰਧਾਨ ਰਾਜ ਵਿੱਚ ਅਪੀਲੀ ਟ੍ਰਿਬਿਊਨਲ ਦੇ ਰਾਜ ਬੈਂਚਾਂ ਉੱਤੇ ਅਜਿਹੀਆਂ ਵਿੱਤੀ ਅਤੇ ਪ੍ਰਬੰਧਕੀ ਸ਼ਕਤੀਆਂ, ਜਿਵੇਂ ਕਿ ਨਿਰਧਾਰਤ ਕੀਤੀਆਂ ਗਈਆਂ ਹੋਣ, ਦੀ ਵਰਤੋਂ ਕਰੇਗਾ।"।

ਉਪ ਪ੍ਰਧਾਨ ਦੀਆਂ ਵਿੱਤੀ ਅਤੇ ਪ੍ਰਬੰਧਕੀ ਸ਼ਕਤੀਆਂ

2017 ਦੇ ਪੰਜਾਬ ਐਕਟ 5 ਦੀ ਧਾਰਾ 117 ਵਿਚ ਸੋਧ

19. ਪ੍ਰਿੰਸੀਪਲ ਐਕਟ ਦੀ ਧਾਰਾ 117 ਵਿਚ,—

(a) ਉਪ-ਧਾਰਾ (1) ਵਿੱਚ, "ਰਾਜ ਬੈਂਚ ਜਾਂ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਰਾਜ ਬੈਂਚਾਂ" ਸ਼ਬਦਾਂ ਨਾਲ ਬਦਲਿਆ ਜਾਵੇਗਾ; ਅਤੇ

(b) ਉਪ-ਧਾਰਾ (5) ਵਿੱਚ, ਕਲਾੱਜ਼ (ਏ) ਅਤੇ (ਬੀ) ਵਿਚ, "ਰਾਜ ਬੈਂਚ ਜਾਂ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਰਾਜ ਬੈਂਚਾਂ" ਸ਼ਬਦਾਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 118 ਵਿਚ ਸੋਧ

20. ਪ੍ਰਿੰਸੀਪਲ ਐਕਟ ਦੀ ਧਾਰਾ 118 ਵਿਚ, ਉਪ-ਧਾਰਾ (1) ਵਿੱਚ, ਕਲਾੱਜ਼ (ਏ) ਵਿਚ, "ਰਾਸ਼ਟਰੀ ਬੈਂਚ ਜਾਂ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਪ੍ਰਿੰਸੀਪਲ ਬੈਂਚ" ਸ਼ਬਦਾਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 119 ਵਿਚ ਸੋਧ

21. ਪ੍ਰਿੰਸੀਪਲ ਐਕਟ ਦੀ ਧਾਰਾ 119 ਵਿਚ,-

(a) "ਰਾਸ਼ਟਰੀ ਜਾਂ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਪ੍ਰਿੰਸੀਪਲ ਬੈਂਚ" ਸ਼ਬਦਾਂ ਨਾਲ ਬਦਲਿਆ ਜਾਵੇਗਾ; ਅਤੇ

(b) "ਰਾਜ ਬੈਂਚ ਜਾਂ ਖੇਤਰੀ ਬੈਂਚਾਂ" ਸ਼ਬਦਾਂ ਨੂੰ "ਰਾਜ ਬੈਂਚਾਂ" ਸ਼ਬਦਾਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 122 ਵਿਚ ਸੋਧ

22. ਪ੍ਰਿੰਸੀਪਲ ਐਕਟ ਵਿੱਚ, ਧਾਰਾ 122 ਵਿੱਚ, ਉਪ-ਧਾਰਾ (1ਏ) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(1B) ਕੋਈ ਵੀ ਇਲੈਕਟ੍ਰਾਨਿਕ ਕਾਮਰਸ ਆਪਰੇਟਰ ਜੋ, -

(i) ਇਸ ਐਕਟ ਦੇ ਅਧੀਨ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੁਆਰਾ ਰਜਿਸਟ੍ਰੇਸ਼ਨ ਤੋਂ ਛੋਟ ਪ੍ਰਾਪਤ ਵਿਅਕਤੀ ਤੋਂ ਇਲਾਵਾ ਕਿਸੇ ਗੈਰ-ਰਜਿਸਟਰਡ ਵਿਅਕਤੀ ਨੂੰ ਉਸ ਦੁਆਰਾ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਕਰਨ ਦੀ ਇਜਾਜ਼ਤ ਦਿੰਦਾ ਹੈ;

(ii) ਕਿਸੇ ਅਜਿਹੇ ਵਿਅਕਤੀ ਰਾਹੀਂ ਜੋ ਅਜਿਹੀ ਅੰਤਰ-ਰਾਜੀ ਸਪਲਾਈ ਕਰਨ ਦੇ ਯੋਗ ਨਹੀਂ ਹੈ, ਨੂੰ ਉਸ ਦੁਆਰਾ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਅੰਤਰ-ਰਾਜੀ ਸਪਲਾਈ ਕਰਨ ਦੀ ਇਜਾਜ਼ਤ ਦਿੰਦਾ ਹੈ; ਜਾਂ

(iii) ਧਾਰਾ 52 ਦੀ ਉਪ-ਧਾਰਾ (4) ਅਧੀਨ ਪੇਸ਼ ਕੀਤੀ ਜਾਣ ਵਾਲੀ ਸਟੇਟਮੈਂਟ ਵਿੱਚ ਇਸ ਐਕਟ ਅਧੀਨ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਤੋਂ ਛੋਟ ਪ੍ਰਾਪਤ ਕਿਸੇ ਵਿਅਕਤੀ ਰਾਹੀਂ ਵਸਤਾਂ ਦੀ ਕਿਸੇ ਵੀ ਬਾਹਰੀ ਸਪਲਾਈ ਦੇ ਸਹੀ ਵੇਰਵੇ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ,

ਉਹ 10 ਹਜ਼ਾਰ ਰੁਪਏ ਦਾ ਜ਼ੁਰਮਾਨਾ ਜਾਂ ਧਾਰਾ 10 ਦੇ ਤਹਿਤ ਟੈਕਸ ਅਦਾ ਕਰਨ ਵਾਲੇ ਵਿਅਕਤੀ ਤੋਂ ਇਲਾਵਾ ਜੇਕਰ ਅਜਿਹੀ ਸਪਲਾਈ ਕਿਸੇ ਰਜਿਸਟਰਡ ਵਿਅਕਤੀ ਦੁਆਰਾ ਕੀਤੀ ਜਾਂਦੀ ਹੈ ਤਾਂ ਉਸ ਵੱਲੋਂ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਰਕਮ ਦੇ ਬਰਾਬਰ ਦੀ

ਰਕਮ, ਜੋ ਵੀ ਵੱਧ ਹੋਵੇ, ਦਾ ਭੁਗਤਾਨ ਕਰਨ ਲਈ ਦੇਣਦਾਰ ਹੋਵੇਗਾ।"।

**2017 ਦੇ ਪੰਜਾਬ ਐਕਟ 5 ਦੀ ਧਾਰਾ 132 ਵਿਚ ਸੋਧ**

23. ਪ੍ਰਿੰਸੀਪਲ ਐਕਟ ਵਿੱਚ, ਧਾਰਾ 132 ਵਿੱਚ, ਉਪ-ਧਾਰਾ (1) ਵਿਚ -

(a) ਕਲਾਜ਼ (g), (j) ਅਤੇ (k) ਹਟਾਏ ਜਾਣਗੇ;

(b) ਕਲਾਜ਼ (l), ਵਿੱਚ ਦਰਜ ਸ਼ਬਦਾਂ, ਬਰੈਕਟਾਂ ਅਤੇ ਅੱਖਰਾਂ " ਕਲਾਜ਼ (a) ਤੋਂ (k)" ਦੀ ਥਾਂ ਤੇ "ਕਲਾਜ਼ (a) ਤੋਂ (f) ਅਤੇ ਕਲਾਜ਼ (h) ਅਤੇ (i)" ਸ਼ਬਦ, ਬਰੈਕਟ ਅਤੇ ਅੱਖਰ ਆਉਣਗੇ;

(c) ਕਲਾਜ਼ (iii) ਵਿਚ, "ਕੋਈ ਵੀ ਹੋਰ ਅਪਰਾਧ" ਸ਼ਬਦਾਂ ਦੀ ਥਾਂ ਤੇ "ਕਲਾਜ਼ (b) ਵਿਚ ਦਰਜ ਕੋਈ ਅਪਰਾਧ" ਸ਼ਬਦ, ਬਰੈਕਟ ਅਤੇ ਅੱਖਰ ਵਰਤੇ ਜਾਣਗੇ; ਅਤੇ

(d) ਕਲਾਜ਼ (iv) ਵਿਚ ਦਰਜ ਸ਼ਬਦਾਂ, ਬਰੈਕਟਾਂ ਅਤੇ ਅੱਖਰ, "ਜਾਂ ਕਲਾਜ਼ (g) ਜਾਂ ਕਲਾਜ਼ (j)" ਹਟਾਏ ਜਾਣਗੇ।

**2017 ਦੇ ਪੰਜਾਬ ਐਕਟ 5 ਦੀ ਧਾਰਾ 138 ਵਿਚ ਸੋਧ**

24. ਪ੍ਰਿੰਸੀਪਲ ਐਕਟ ਵਿਚ, ਧਾਰਾ 138 ਵਿਚ,—

(a) ਉਪ-ਧਾਰਾ (1) ਵਿਚ, ਪਹਿਲੇ ਉਪਬੰਧ ਵਿਚ, -

(i) ਕਲਾਜ਼ (a) ਦੀ ਥਾਂ ਤੇ, ਹੇਠ ਲਿਖੀ ਕਲਾਜ਼ ਵਰਤੀ ਜਾਵੇਗੀ, ਅਰਥਾਤ: -

"(a) ਇਕ ਵਿਅਕਤੀ ਜਿਸ ਨੇ ਧਾਰਾ 132 ਦੀ ਉਪ-ਧਾਰਾ (1) ਦੀਆਂ ਕਲਾਜ਼ਾਂ (a) ਤੋਂ (f), (h), (i) ਅਤੇ (l) ਦੇ ਸਬੰਧ ਵਿਚ ਕਿਸੇ ਵੀ ਅਪਰਾਧਾਂ ਨੂੰ ਇੱਕ ਵਾਰ ਕੰਪਾਊਂਡ ਕੀਤਾ ਹੋਵੇ;";

(ii) ਕਲਾਜ਼ (b) ਹਟਾਈ ਜਾਵੇਗੀ;

(iii) ਕਲਾਜ਼ (c) ਦੀ ਥਾਂ ਤੇ ਹੇਠ ਲਿਖੀ ਕਲਾਜ਼ ਵਰਤੀ ਜਾਵੇਗੀ; ਅਰਥਾਤ :-

"(c) ਇਕ ਵਿਅਕਤੀ ਜਿਸ ਤੇ ਧਾਰਾ 132 ਦੀ ਉਪ-ਧਾਰਾ (1) ਦੀ ਕਲਾਜ਼ (b) ਦੇ ਅਧੀਨ ਅਪਰਾਧ ਕਰਨ ਦਾ ਦੋਸ਼ ਹੋਵੇ;" ਅਤੇ

(iv) ਕਲਾਜ਼ (e) ਹਟਾਈ ਜਾਵੇਗੀ; ਅਤੇ

(b) ਉਪ-ਧਾਰਾ (2) ਵਿਚ, "ਦਸ ਹਜ਼ਾਰ ਰੁਪਏ ਜਾਂ ਸ਼ਾਮਲ ਟੈਕਸ ਦਾ ਪੰਜਾਹ ਪ੍ਰਤੀਸ਼ਤ; ਜੋ ਵੀ ਵੀ ਵੱਧ ਹੋਵੇ, ਅਤੇ ਵੱਧ ਤੋਂ ਵੱਧ ਰਕਮ ਤੀਹ ਹਜ਼ਾਰ ਰੁਪਏ ਜਾਂ ਟੈਕਸ ਦਾ ਇੱਕ ਸੌ ਪੰਜਾਹ ਪ੍ਰਤੀਸ਼ਤ ਤੋਂ ਘੱਟ ਨਾ ਹੋਵੇ, ਇਨ੍ਹਾਂ ਵਿਚੋਂ ਜੋ ਵੀ ਵੱਧ ਹੋਵੇ" ਸ਼ਬਦਾਂ ਦੀ ਥਾਂ ਤੇ "ਸ਼ਾਮਲ ਟੈਕਸ ਦਾ 25 ਪ੍ਰਤੀਸ਼ਤ ਅਤੇ ਜੋ ਵੱਧ ਤੋਂ ਵੱਧ ਰਕਮ ਸ਼ਾਮਲ ਟੈਕਸ ਦੇ ਸੌ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ" ਸ਼ਬਦ ਵਰਤੇ ਜਾਣਗੇ।

**2017 ਦੇ ਪੰਜਾਬ ਐਕਟ 5 ਦੀ ਨਵੀਂ ਧਾਰਾ 158-ਏ ਸ਼ਾਮਲ ਕਰਨਾ**

25. ਪ੍ਰਿੰਸੀਪਲ ਐਕਟ ਵਿੱਚ, ਧਾਰਾ 158 ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਟੈਕਸਯੋਗ ਵਿਅਕਤੀ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਸਹਿਮਤੀ ਦੇ ਆਧਾਰ ਤੇ ਸਾਂਝਾ ਕਰਨਾ।

"158A. (1) ਧਾਰਾ 133, 152 ਅਤੇ 158 ਵਿੱਚ ਸ਼ਾਮਲ ਕਿਸੇ ਵੀ ਗੱਲ ਦੇ ਬਾਵਜੂਦ, ਉਪ-ਧਾਰਾ (2) ਦੇ ਉਪਬੰਧਾਂ ਦੇ ਅਧੀਨ, ਅਤੇ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ, ਇੱਕ ਰਜਿਸਟਰਡ ਵਿਅਕਤੀ ਦੁਆਰਾ ਪੇਸ਼ ਕੀਤੇ ਗਏ ਹੇਠਾਂ ਦਿੱਤੇ ਵੇਰਵੇ, ਸਾਂਝੇ ਪੋਰਟਲ ਦੁਆਰਾ ਨਿਰਧਾਰਤ ਢੰਗ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਅਧੀਨ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਅਜਿਹੀਆਂ ਹੋਰ ਪ੍ਰਣਾਲੀਆਂ ਨਾਲ ਸਾਂਝੇ ਕੀਤੇ ਜਾਣ, ਅਰਥਾਤ: -

(a) ਧਾਰਾ 25 ਅਧੀਨ ਰਜਿਸਟਰੇਸ਼ਨ ਲਈ ਬਿਨੈ ਪੱਤਰ ਜਾਂ ਧਾਰਾ 39 ਜਾਂ ਧਾਰਾ 44 ਅਧੀਨ ਦਾਇਰ ਕੀਤੀ ਗਈ ਰਿਟਰਨ ਵਿੱਚ ਦਿੱਤੇ ਵੇਰਵੇ;

(b) ਇਨਵਾਇਸ ਤਿਆਰ ਕਰਨ ਲਈ ਸਾਂਝੇ ਪੋਰਟਲ 'ਤੇ ਅੱਪਲੋਡ ਕੀਤੇ ਗਏ ਵੇਰਵੇ, ਧਾਰਾ 37 ਦੇ ਤਹਿਤ ਪੇਸ਼ ਕੀਤੀ ਗਈ ਬਾਹਰੀ ਸਪਲਾਈ ਦੇ ਵੇਰਵੇ ਅਤੇ ਧਾਰਾ 68 ਦੇ ਅਧੀਨ ਦਸਤਾਵੇਜ਼ ਤਿਆਰ ਕਰਨ ਲਈ ਸਾਂਝੇ ਪੋਰਟਲ 'ਤੇ ਅੱਪਲੋਡ ਕੀਤੇ ਗਏ ਵੇਰਵੇ;

(c) ਅਜਿਹੇ ਹੋਰ ਵੇਰਵੇ ਜਿਵੇਂ ਕਿ ਨਿਰਧਾਰਤ ਕੀਤੇ ਗਏ ਹੋਣ।

(2) ਉਪ-ਧਾਰਾ (1) ਦੇ ਅਧੀਨ ਵੇਰਵੇ ਸਾਂਝੇ ਕਰਨ ਦੇ ਉਦੇਸ਼ਾਂ ਲਈ, ਹੇਠ ਦਰਜ ਦੀ ਸਹਿਮਤੀ ਪ੍ਰਾਪਤ ਕੀਤੀ ਜਾਵੇਗੀ:-

(a) ਸਪਲਾਈਕਰਤਾ, ਉਪ-ਧਾਰਾ (1) ਦੀਆਂ ਕਲਾਜ਼ (a), (b) ਅਤੇ (c) ਅਧੀਨ ਦਿੱਤੇ ਵੇਰਵਿਆਂ ਦੇ ਸਬੰਧ ਵਿੱਚ; ਅਤੇ

(b) ਪ੍ਰਾਪਤਕਰਤਾ, ਉਪ-ਧਾਰਾ (1) ਦੀ ਕਲਾਜ਼ (b) ਅਤੇ ਕਲਾਜ਼ (c) ਅਧੀਨ ਦਿੱਤੇ ਗਏ ਵੇਰਵਿਆਂ ਦੇ ਸਬੰਧ ਵਿੱਚ, ਜਿੱਥੇ ਸਿਰਫ਼ ਅਜਿਹੇ ਵੇਰਵਿਆਂ ਵਿੱਚ ਪ੍ਰਾਪਤਕਰਤਾ ਦੀ ਪਛਾਣ ਜਾਣਕਾਰੀ ਸ਼ਾਮਲ ਹੁੰਦੀ ਹੈ, ਅਜਿਹੇ ਰੂਪ ਅਤੇ ਢੰਗ ਨਾਲ ਜੋ ਕਿ ਨਿਰਧਾਰਤ ਕੀਤੇ ਜਾਣਗੇ।

(3) ਮੌਜੂਦਾ ਸਮੇਂ ਲਾਗੂ ਕਿਸੇ ਵੀ ਕਾਨੂੰਨ ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਇਸ ਧਾਰਾ ਅਧੀਨ ਸਾਂਝੀ ਕੀਤੀ ਗਈ ਜਾਣਕਾਰੀ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਕਿਸੇ ਵੀ ਦੇਣਦਾਰੀ ਦੇ ਸਬੰਧ ਵਿੱਚ ਸਰਕਾਰ ਜਾਂ ਸਾਂਝੇ ਪੋਰਟਲ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਸੰਬਧਤ ਸਪਲਾਈ ਜਾਂ ਸੰਬੰਧਿਤ ਰਿਟਰਨ ਦੇ ਅਨੁਸਾਰ ਟੈਕਸ ਅਦਾ ਕਰਨ ਦੀ ਦੇਣਦਾਰੀ 'ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਵੇਗਾ।"

2017 ਦੇ ਪੰਜਾਬ ਐਕਟ 5 ਦੀ ਅਨੁਸੂਚੀ III ਵਿਚ ਸੋਧ

26. ਪ੍ਰਿੰਸੀਪਲ ਐਕਟ ਵਿੱਚ,

(1) ਅਨੁਸੂਚੀ III ਵਿੱਚ, ਪੈਰਾ 6 ਵਿੱਚ, "ਲਾਟਰੀ, ਸੱਟੇਬਾਜ਼ੀ ਅਤੇ ਜੂਆ" ਸ਼ਬਦਾਂ ਲਈ "ਸਪੈਸੀਫਾਈਡ ਐਕਸ਼ਨੇਬਲ ਕਲੇਮਜ਼" ਸ਼ਬਦ ਬਦਲੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਅਨੁਸੂਚੀ III ਵਿੱਚ ਕੁਝ ਗਤੀਵਿਧੀਆਂ ਅਤੇ ਲੈਣ-ਦੇਣ ਲਈ ਪੂਰਵ ਪ੍ਰਭਾਵੀ ਛੋਟ।

27. ਪ੍ਰਿੰਸੀਪਲ ਐਕਟ ਵਿੱਚ,

(1) ਅਨੁਸੂਚੀ III ਵਿੱਚ, ਪੈਰ੍ਹਾ 7 ਅਤੇ 8 ਅਤੇ ਇਸ ਦੀ ਵਿਆਖਿਆ 2 (ਜੋ ਕਿ 2019 ਦੇ ਪੰਜਾਬ ਐਕਟ 1 ਦੁਆਰਾ ਸ਼ਾਮਿਲ ਕੀਤਾ ਗਿਆ ਹੈ) ਨੂੰ 1 ਜੁਲਾਈ, 2017 ਤੋਂ ਲਾਗੂ ਮੰਨਿਆ ਜਾਵੇਗਾ।

(2) ਉਸ ਸਾਰੇ ਟੈਕਸ ਦਾ ਕੋਈ ਰਿਫੰਡ ਨਹੀਂ ਕੀਤਾ ਜਾਵੇਗਾ ਜੋ ਵਸੂਲ ਕੀਤਾ ਗਿਆ ਹੈ, ਪਰ ਜੋ ਇਸ ਤਰ੍ਹਾਂ ਵਸੂਲ ਨਾ ਕੀਤਾ ਗਿਆ ਹੁੰਦਾ, ਜੇਕਰ ਉਪ-ਧਾਰਾ (1) ਸੰਚਾਲਨ ਦੇ ਹਰ ਸਮੇਂ ਲਾਗੂ ਹੁੰਦੀ।

ਅਸਥਾਈ ਪ੍ਰੋਵੀਜ਼ਨ

28. ਇਸ ਐਕਟ ਦੇ ਤਹਿਤ ਕੀਤੀਆਂ ਗਈਆਂ ਸੋਧਾਂ ਕਿਸੇ ਵੀ ਸਮੇਂ ਲਈ ਲਾਗੂ ਹੋਣ ਵਾਲੇ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੇ ਪੱਖਪਾਤ ਤੋਂ ਬਿਨਾਂ ਹੋਣਗੀਆਂ, ਜੋ ਸੱਟੇਬਾਜ਼ੀ, ਕੈਸੀਨੋ, ਜੂਆ, ਘੋੜ ਦੌੜ, ਲਾਟਰੀ ਜਾਂ ਔਨਲਾਈਨ ਗੇਮਿੰਗ 'ਤੇ ਪਾਬੰਦੀ, ਵਰਜਿਤ ਜਾਂ ਨਿਯੰਤ੍ਰਿਤ ਕਰਨ ਲਈ ਪ੍ਰਦਾਨ ਕਰਦੀਆਂ ਹਨ।

**ਸਥਾਨ: ਚੰਡੀਗੜ੍ਹ**
**ਸਤੰਬਰ, 2023**

**ਵਿਕਾਸ ਪ੍ਰਤਾਪ,**
**ਵਿੱਤ ਸਕੱਤਰ (ਕਰ)**
**ਆਬਕਾਰੀ ਅਤੇ ਕਰ ਵਿਭਾਗ।**